# CHECKING NEW BABIES FOR CRITICAL CONGENITAL HEART DISEASE

# ਦਿਲ ਦੀ ਗੰਭੀਰ ਜਮਾਂਦਰੂ ਬਿਮਾਰੀ ਲਈ ਨਵੇਂ ਜਨਮੇ ਬੱਚੇ ਦੀ ਜਾਂਚ ਕਰਨਾ

## ਦਿਲ ਦੀ ਗੰਭੀਰ ਜਮਾਂਦਰੂ ਬਿਮਾਰੀ (ਸੀ.ਸੀ.ਐੱਚ.ਡੀ.) ਕੀ ਹੈ (CCHD)?

ਕਈ ਵਾਰ ਜਨਮ ਤੋਂ ਪਹਿਲਾਂ ਬੱਚੇ ਦਾ ਦਿਲ ਜਾਂ ਖ਼ੂਨ ਦੀਆਂ ਨਾੜੀਆਂ ਠੀਕ ਤਰ੍ਹਾਂ ਨਹੀਂ ਬਣਦੀਆਂ। ਇਸ ਤਰ੍ਹਾਂ ਦੀ ਦਿਲ ਦੀ ਬਿਮਾਰੀ ਨੂੰ ਦਿਲ ਦੀ ਗੰਭੀਰ ਜਮਾਂਦਰੂ ਬਿਮਾਰੀ ਕਹਿੰਦੇ ਹਨ। ਇਸ ਬਿਮਾਰੀ ਵਾਲੇ ਬੱਚੇ ਦੇ ਖ਼ੂਨ ਵਿਚ ਪੂਰੀ ਆਕਸੀਜਨ ਨਹੀਂ ਮਿਲਦੀ। ਇਸ ਬਿਮਾਰੀ ਵਾਲੇ ਬੱਚਿਆਂ ਦੀ ਪਹਿਲੇ ਹੀ ਕੁੱਝ ਦਿਨਾਂ ਅੰਦਰ ਐਮਰਜੈਂਸੀ ਦੇਖਭਾਲ ਜਾਂ ਸਰਜਰੀ ਦੀ ਲੋੜ ਪੈ ਸਕਦੀ ਹੈ। ਇਹ ਬਿਮਾਰੀ ਬਹੁਤ ਹੀ ਘੱਟ ਹੈ ਪਰ ਜੇ ਜਲਦੀ ਪਹਿਚਾਣ ਨਾ ਹੋਵੇ ਤਾਂ ਬੜੀ ਗੰਭੀਰ ਹੋ ਸਕਦੀ ਹੈ।

## ਦਿਲ ਦੀ ਗੰਭੀਰ ਜਮਾਂਦਰੂ ਬਿਮਾਰੀ ਲਈ ਜਾਂਚ ਕਿਉਂ ਕਰਦੇ ਹਾਂ?

ਜਨਮ ਤੋਂ ਬਾਅਦ ਬੱਚਿਆਂ ਦੀ ਸਕ੍ਰੀਨਿੰਗ ਬੜੇ ਧਿਆਨ ਨਾਲ ਕੀਤੀ ਜਾਂਦੀ ਹੈ, ਪਰ ਕੁੱਝ ਬਚਿਆਂ ਵਿਚ ਇਸ ਬਿਮਾਰੀ ਦੇ ਲੱਛਣ ਜਲਦੀ ਨਜ਼ਰ ਨਹੀਂ ਆਉਂਦੇ। ਪਰ ਘਰ ਜਾਣ ਤੋਂ ਪਹਿਲਾਂ ਸਾਰੇ ਬੱਚਿਆਂ ਦੀ ਜਾਂਚ ਨਾਲ ਸੀ.ਸੀ.ਐੱਚ.ਡੀ. ਵਾਲੇ ਬੱਚਿਆਂ ਦਾ ਪਤਾ ਲੱਗ ਜਾਂਦਾ ਹੈ। ਜਿਨ੍ਹਾਂ ਬੱਚਿਆਂ ਨੂੰ ਇਹ ਸਮੱਸਿਆ ਹੈ ਉਨ੍ਹਾਂ ਲਈ ਸਕ੍ਰੀਨਿੰਗ ਜੀਵਨ ਦਾਨ ਹੋ ਸਕਦੀ ਹੈ। ਕੈਨੇਡਾ ਵਿਚ ਨਵੇਂ ਜੰਮੇ ਬੱਚਿਆਂ ਦੀ ਦੇਖਭਾਲ ਦਾ ਇਹ ਆਮ ਹਿੱਸਾ ਹੈ।

## ਹਸਪਤਾਲ ਵਿਚ ਇਸ ਬਿਮਾਰੀ ਦੀ ਜਾਂਚ ਕਿਵੇਂ ਕੀਤੀ ਜਾਂਦੀ ਹੈ?

ਬੱਚਿਆਂ ਦੀ ਇਸ ਬਿਮਾਰੀ ਦੀ ਸਕ੍ਰੀਨਿੰਗ ਲਈ ਪਲਸ ਆਕਸੀਮੀਟਰੀ ਟੈੱਸਟ ਕੀਤਾ ਜਾਂਦਾ ਹੈ। ਇਹ ਬੜਾ ਜਲਦੀ ਹੋਣ ਵਾਲਾ ਸਾਦਾ ਅਤੇ ਦਰਦ ਰਹਿਤ ਟੈੱਸਟ ਹੈ ਜਿਸ ਰਾਹੀਂ ਇਹ ਨਾਪਿਆ ਜਾਂਦਾ ਹੈ ਕਿ ਬੱਚੇ ਦੇ ਖ਼ੂਨ ਵਿਚ ਕਿੰਨੀ ਆਕਸੀਜਨ ਹੈ।



ਅਸੀਂ ਬੱਚੇ ਦੇ ਹੱਥ ਵਿਚ ਅਤੇ ਫਿਰ ਪੈਰ ਤੇ ਇੱਕ ਛੋਟਾ ਜਿਹਾ ਅਤੇ ਨਰਮ ਜਿਹਾ ਸੈਂਸਰ ਇਹ ਪਤਾ ਕਰਨ ਲਈ ਲਗਾਉਂਦੇ ਹਾਂ ਕਿ ਕਿੰਨੀ ਆਕਸੀਜਨ ਹੈ ਅਤੇ ਇਹ ਟੈੱਸਟ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਬੱਚਾ ਸ਼ਾਂਤ ਅਤੇ ਨਿੱਘਾ ਹੋਵੇ। ਤੁਹਾਡੀ ਨਰਸ ਅਤੇ ਦੇਖਭਾਲ ਕਰਨ ਵਾਲਾ ਤੁਹਾਡੇ ਨਾਲ ਨਤੀਜਿਆਂ ਬਾਰੇ ਗੱਲ ਬਾਤ ਕਰੇਗਾ।

## ਜੇ ਮੇਰੇ ਬੱਚੇ ਦੇ ਖ਼ੂਨ ਵਿਚ ਕਾਫੀ ਆਕਸੀਜਨ ਨਹੀਂ ਤਾਂ ਕੀ ਹੋਵੇਗਾ?

ਜੇ ਤੁਹਾਡੇ ਬੱਚੇ ਵਿਚ ਆਕਸੀਜਨ ਦੀ ਕਮੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਸੀ.ਸੀ.ਐੱਚ.ਡੀ. ਬਿਮਾਰੀ ਹੈ। ਸਿਹਤਮੰਦ ਬੱਚਿਆਂ ਦੀ ਵੀ ਕਈ ਵਾਰ ਘੱਟ ਆਕਸੀਜਨ ਦੀ ਰੀਡਿੰਗ ਆ ਜਾਂਦੀ ਹੈ। ਇਨਫੈਕਸ਼ਨ ਜਾਂ ਸਾਹ ਲੈਣ ਦੀ ਸਮੱਸਿਆ ਦੀ ਹਾਲਤ ਕਾਰਨ ਵੀ ਆਕਸੀਜਨ ਦਾ ਲੈਵਲ ਘੱਟ ਹੋ ਸਕਦਾ ਹੈ। ਬੱਚਿਆਂ ਦਾ ਡਾਕਟਰ ਕਾਰਨ ਪਤਾ ਕਰਨ ਲਈ ਬੱਚੇ ਦੀ ਜਾਂਚ ਕਰੇਗਾ; ਇਸ ਵਿਚ ਹੋਰ ਟੈੱਸਟਿੰਗ ਲਈ ਐਕਸਰੇ, ਇਲੈਕਟ੍ਰੋਕਾਰਡੀਓਗਰਾਮ ਅਤੇ ਦਿਲ ਦਾ ਅਲਟਰਾਸਾਊਂਡ ਸ਼ਾਮਲ ਹੋ ਸਕਦੇ ਹਨ।

## ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?

ਇਹ ਜਾਣਨਾ ਬੜਾ ਜ਼ਰੂਰੀ ਹੈ ਕਿ ਨਵੇਂ ਬੱਚੇ ਦੀ ਸਕ੍ਰੀਨਿੰਗ ਨਾਲ ਦਿਲ ਦੀ ਗੰਭੀਰ ਜਮਾਂਦਰੂ ਬਿਮਾਰੀ ਵਾਲੇ ਹਰ ਇੱਕ ਬੱਚੇ ਦੀ ਪਹਿਚਾਣ ਨਹੀਂ ਹੁੰਦੀ। ਆਪਣੇ ਬੱਚੇ ਵਿਚ ਚੇਤਾਵਨੀ ਵਾਲੇ ਇਨ੍ਹਾਂ ਲੱਛਣਾਂ ਵੱਲ ਧਿਆਨ ਦਿਓ। ਜੇ ਤੁਹਾਨੂੰ ਇਨ੍ਹਾਂ ਵਿਚੋਂ ਕੋਈ ਵੀ ਲੱਛਣ ਨਜ਼ਰ ਆਏ ਤਾਂ ਬੱਚੇ ਦੀ ਦੇਖਭਾਲ ਕਰਨ ਵਾਲੇ ਨੂੰ ਦੱਸੋ ਜਾਂ ਨਜ਼ਦੀਕ ਦੇ ਹਸਪਤਾਲ ਦੇ ਐਮਰਜੈਂਸੀ ਵਿਚ ਇੱਕ ਦਮ ਜਾਓ।

- ਬੁੱਲ੍ਹਾਂ, ਜੀਭ ਜਾਂ ਚਮੜੀ ਦਾ ਰੰਗ ਨੀਲਾ ਹੈ (ਨਵੇਂ ਜੰਮੇ ਬੱਚਿਆਂ ਦੇ ਹੱਥ, ਪੈਰ ਆਮ ਤੌਰ ਤੇ ਹੀ ਨੀਲੇ ਹੁੰਦੇ ਹਨ)
- ਘੁਰ ਘੁਰ ਕਰਨਾ (Grunting)
- ਤੇਜ਼ ਸਾਹ ਲੈਣਾ
- ਖ਼ੁਰਾਕ ਘੱਟ ਲੈਣੀ
- ਭਾਰ ਘੱਟ ਵਧਣਾ
- ਪਸੀਨਾ ਆਉਣਾ

## ਜੇ ਮੇਰੇ ਮਨ ਵਿਚ ਸਵਾਲ ਹਨ ਤਾਂ ਮੈਂ ਕਿਸ ਨੂੰ ਪੁੱਛਾਂ?

ਜੇ ਤੁਹਾਡੇ ਮਨ ਵਿਚ ਕੁੱਝ ਸਵਾਲ ਹਨ ਤਾਂ ਕਿਰਪਾ ਕਰ ਕੇ ਆਪਣੀ ਨਰਸ ਜਾਂ ਸੇਵਾ ਸੰਭਾਲ ਕਰਨ ਵਾਲੇ ਨੂੰ ਪੁੱਛੋ।

ਇਸ ਦਸਤਾਵੇਜ਼ ਵਿਚਲੀ ਜਾਣਕਾਰੀ ਸਿਰਫ਼ ਉਸ ਵਿਅਕਤੀ ਲਈ ਹੀ ਹੈ ਸਿਹਤ ਸੰਭਾਲ ਟੀਮ ਵੱਲੋਂ ਜਿਸ ਨੂੰ ਇਹ ਦਸਤਾਵੇਜ਼ ਦਿੱਤਾ ਗਿਆ ਹੈ।

ਹੋਰ ਜ਼ਿਆਦਾ ਕਾਪੀਆਂ ਲਈ ਇਸ ਵੈੱਬਸਾਈਟ ਤੇ ਜਾਓ: http://phc.eduhealth.ca
ਜਾਂ ਈਮੇਲ ਕਰੋ: phem@providencehealth.bc.ca
ਅਤੇ ਇਸ **FD.500.N428.PHC.PU** ਕੈਟਾਲਾਗ ਨੰਬਰ ਦਾ ਹਵਾਲਾ ਦਿਓ

©Providence Health Care
www.providencehealth.bc.ca

ਮਰੀਜ਼ਾਂ, ਪਰਵਾਰਾਂ ਅਤੇ ਸਟਾਫ਼
ਵੱਲੋਂ ਇਸ ਸਮਗਰੀ ਦੀ ਸਮੀਖਿਆ
ਅਤੇ ਪਰਵਾਨਗੀ ਦਿੱਤੀ ਗਈ ਹੈ।